:

# ਦਫ਼ਤਰ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿ.) -ਕਮ- ਜ਼ਿਲ੍ਹਾ ਪ੍ਰੋਜੈਕਟ ਡਾਇਰੈਕਟਰ, ਸਮੱਗਰਾ ਸਿੱਖਿਆ ਅਭਿਆਨ, ਬਠਿੰਡਾ

E-Mail id: dpobathinda@gmail.com Tel: 0164-2217295

ਵੱਲ

ਸਮੂਹ ਸਰਕਾਰੀ ਸਕੂਲ ਮੁਖੀ (ਪ੍ਰਾਇਮਰੀ ਅਤੇ ਅੱਪਰ ਪ੍ਰਾਇਮਰੀ),
ਜਿਲ੍ਹਾ ਬਠਿੰਡਾ।

ਪੱਤਰ ਨੰ:- ਸਸਅ/ਵਰਦੀਆਂ / 2026-27 /12587

ਮਿਤੀ ਬਠਿੰਡਾ: 03.07.2026

ਵਿਸ਼ਾ- ਸਾਲ 2026-27 ਦੌਰਾਨ ਸਮੱਗਰਾ ਸਿੱਖਿਆ ਅਭਿਆਨ ਅਧੀਨ ਆਈ ਵਰਦੀਆਂ ਦੀ ਗ੍ਰਾਂਟ ਨੂੰ ਖਰਚਣ ਸਬੰਧੀ।

ਅੰਕਿਤ ਵਿਸ਼ਾ ਅਧੀਨ ਸਾਲ 2026-27 ਦੌਰਾਨ ਸਮੱਗਰਾ ਸਿੱਖਿਆ ਅਭਿਆਨ ਅਧੀਨ ਸਰਕਾਰੀ ਸਕੂਲਾਂ ਵਿੱਚ ਪਹਿਲੀ ਤੋਂ ਅੱਠਵੀਂ ਜਮਾਤ ਵਿੱਚ ਪੜ੍ਹਦੀਆਂ ਸਮੂਹ ਲੜਕੀਆਂ ਅਤੇ ਐਸ.ਸੀ./ਐਸ.ਟੀ./ਬੀ.ਪੀ.ਐਲ. ਲੜਕਿਆਂ ਨੂੰ ਮੁਫਤ ਵਰਦੀਆਂ ਮੁਹੱਈਆ ਕਰਵਾਉਣ ਲਈ ਫੰਡ ਜਾਰੀ ਕੀਤੇ ਗਏ ਸਨ ਅਤੇ ਵਰਦੀਆਂ ਦੀ ਵੰਡ ਕਰਕੇ 15 ਦਿਨਾਂ ਦੇ ਅੰਦਰ ਵਰਤੋਂ ਸਰਟੀਫਿਕੇਟ ਭੇਜਣ ਸਬੰਧੀ ਲਿਖਿਆ ਗਿਆ ਸੀ।

ਪ੍ਰੰਤੂ ਬੀ ਪੀ ਈ ਓ ਤੋਂ ਪ੍ਰਾਪਤ ਰਿਪੋਰਟ ਅਨੁਸਾਰ ਅਜੇ ਵੀ ਬਹੁਤ ਸਾਰੇ ਸਕੂਲਾਂ ਵੱਲੋਂ ਵਰਦੀਆਂ ਦੀ ਖਰੀਦ ਨਹੀ ਕੀਤੀ ਗਈ ਹੈ। ਮੁੱਖ ਦਫਤਰ ਤੋਂ ਪ੍ਰਾਪਤ ਸੰਦੇਸ਼ ਅਨੁਸਾਰ ਪੀ.ਐਫ.ਐਮ.ਐਸ. ਪੋਰਟਲ ਤੇ ਫੰਡਾਂ ਦੀ ਜੋ ਐਲੋਕੇਸ਼ਨ ਕੀਤੀ ਗਈ ਹੈ ਉਸ ਨੂੰ ਜਲਦ ਤੋਂ ਜਲਦ ਖਰਚ ਲਿਆ ਜਾਵੇ । ਇਸ ਲਈ ਆਪ ਵੱਲੋਂ ਵਰਦੀਆਂ ਦੀ ਖਰੀਦ ਕਰਕੇ ਬਿਲਾਂ ਦੀ ਅਦਾਇਗੀ ਮਿਤੀ 06.07.2026 ਤੱਕ ਕਰਨੀ ਯਕੀਨੀ ਬਣਾਈ ਜਾਵੇ। ਜੇਕਰ ਵਰਦੀਆਂ ਦੀ ਗ੍ਰਾਂਟ ਲੈਪਸ ਹੁੰਦੀ ਹੈ ਤਾਂ ਇਸ ਦੀ ਨਿੱਜੀ ਜਿੰਮੇਵਾਰੀ ਸਬੰਧਤ ਸਕੂਲ ਮੁਖੀ ਦੀ ਹੋਵੇਗੀ।

03/07/2026

ਡਿਪਟੀ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ.) -ਕਮ-,
ਜਿਲ੍ਹਾ ਪ੍ਰੋਜੈਕਟ ਡਾਇਰੈਕਟਰ,
ਸਮੱਗਰਾ ਸਿੱਖਿਆ ਅਭਿਆਨ,
ਬਠਿੰਡਾ।

ਪਿੰਠ ਅੰਕਣ ਨੰ:- ਮਿਤੀ- ਉਕਤ

ਉਕਤ ਦਾ ਉਤਾਰਾ :

1) ਜਿਲਾ ਸਿੱਖਿਆ ਅਫਸਰ (ਸੈ.ਸਿ.) ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਆਪਣੇ ਅਧੀਨ ਆਉਂਦੇ ਸਕੂਲਾਂ ਨੂੰ ਵਰਦੀਆਂ ਦੀ ਗ੍ਰਾਂਟ ਤੁਰੰਤ ਖਰਚਣ ਸਬੰਧੀ ਹਦਾਇਤ ਕੀਤੀ ਜਾਵੇ ।
2) ਸਮੂਹ ਬੀ ਪੀ ਈ ਓਜ਼ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਸਕੂਲਾਂ ਤੋਂ ਵਰਤੋਂ ਸਰਟੀਫਿਕੇਟ ਪ੍ਰਾਪਤ ਕਰਕੇ ਬਲਾਕ ਦਾ ਵਰਤੋਂ ਸਰਟੀਫਿਕੇਟ ਮਿਤੀ 06.07.2026 ਤੱਕ ਭੇਜਣਾ ਯਕੀਨੀ ਬਣਾਇਆ ਜਾਵੇ ਅਤੇ ਸਕੂਲਾਂ ਨੂੰ ਗ੍ਰਾਂਟ ਖਰਚਣ ਸਬੰਧੀ ਹਦਾਇਤ ਕੀਤੀ ਜਾਵੇ।

03/07/2026

ਡਿਪਟੀ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ.) -ਕਮ-,
ਜਿਲ੍ਹਾ ਪ੍ਰੋਜੈਕਟ ਡਾਇਰੈਕਟਰ,
ਸਮੱਗਰਾ ਸਿੱਖਿਆ ਅਭਿਆਨ,
ਬਠਿੰਡਾ।